# ਹਰੀ ਓਮ ਮੰਦਿਰ ਦੇ ਸ਼ਰਧਾਲੂਆਂ ਨੇ ਲੋਹੜੀ ਮਨਾਈ

**ਸ਼ਿਕਾਗੋ (ਬਿਊਰੋ):** ਇਥੋਂ ਦੀ ਸਬਰਬ ਮੈਡਾਈਨਾ ਦੇ ਹਰੀ ਓਮ ਮੰਦਿਰ ਵਿਚ 12 ਜਨਵਰੀ ਨੂੰ ਲੋਹੜੀ ਮਨਾਈ ਗਈ, ਜਿਸ ਵਿਚ ਲੋਕਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਹ ਤਿਉਹਾਰ ਉਤਰੀ ਭਾਰਤ ਵਾਲੇ ਰਵਾਇਤੀ ਸਟਾਈਲ ਵਿਚ ਮਨਾਇਆ ਗਿਆ। ਸਮਾਗਮ ਦੌਰਾਨ ਪੰਜਾਬ ਦੀਆਂ ਪੁਸ਼ਾਕਾਂ, ਕੱਪੜਿਆਂ, ਗੀਤਾਂ





ਅਤੇ ਹੋਰ ਰੀਤ-ਰਿਵਾਜਾਂ ਦਾ ਰੰਗ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ। ਲੋਹੜੀ ਦਾ ਤਿਉਹਾਰ ਭਾਵੇਂ ਸੋਮਵਾਰੀਂ, 13 ਜਨਵਰੀ ਨੂੰ ਸੀ, ਪਰ ਮੰਦਿਰ ਮੈਨੇਜਮੈਂਟ ਨੇ ਇਹ ਤਿਉਹਾਰ ਐਤਵਾਰ ਨੂੰ ਮਨਾਇਆ ਤਾਂ ਕਿ ਵੱਧ ਤੋਂ ਵੱਧ ਲੋਕ ਇਸ ਵਿਚ ਸ਼ਿਰਕਤ ਕਰ ਸਕਣ। ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਦੌਰਾਨ ਹਰੀ ਓਮ ਮੰਦਿਰ ਦਾ ਵਿਸ਼ੇਸ਼ ਸਮਾਗਮ ਵੀ ਲੋਕਾਂ ਦਾ ਧਿਆਨ ਖਿਚ ਰਿਹਾ ਹੈ। ਐਤਕੀਂ ਵੀ ਮੀਂਹ ਅਤੇ ਬਰਫਬਾਰੀ ਵਾਲੇ ਮੌਸਮ ਦੇ ਬਾਵਜੂਦ ਲੋਕ ਹੁੰਮ-ਹੁਮਾ ਕੇ ਪੁੱਜੇ।

ਮੰਦਿਰ ਦੀ ਮੈਨੇਜਮੈਂਟ ਨੇ ਵਾਲੰਟੀਅਰਾਂ ਅਤੇ ਦਾਨੀਆਂ ਦੀ ਮਦਦ ਨਾਲ ਸੀਜ਼ਨ ਦਾ ਵਿਸ਼ੇਸ਼ ਖਾਣਾ ਮੱਕੀ ਦੀ ਰੋਟੀ, ਸਾਗ, ਲੱਸੀ ਅਤੇ ਗੁੜ ਵਾਲੇ ਚੌਲਾਂ ਦਾ ਇੰਤਜ਼ਾਮ ਕੀਤਾ। ਇਸ ਦੇ ਨਾਲ ਹੀ







ਭੁੱਗਾ, ਪੌਪਕੌਰਨ, ਰਿਉੜੀਆਂ, ਮੂੰਗਫਲੀ, ਖਜੂਰਾਂ ਅਤੇ ਚਿੜਵੜੇ ਪ੍ਰਸਾਦ ਵਜੋਂ ਵਰਤਾਏ ਗਏ। ਇਨ੍ਹਾਂ ਸਾਰੇ ਸੁਆਦਲੇ ਵਿਅੰਜਨਾਂ ਦੀ ਸਭ ਨੇ ਪ੍ਰਸ਼ੰਸਾ ਕੀਤੀ, ਖਾਸ ਕਰਕੇ ਔਰਤਾਂ ਦੀਆਂ ਉਚੇਚੀਆਂ ਕੋਸ਼ਿਸ਼ਾਂ ਨੂੰ ਵਡਿਆਇਆ ਗਿਆ।

ਪ੍ਰੋਗਰਾਮਾਂ ਦੀ ਵਿਸ਼ੇਸ਼ ਇੰਚਾਰਜ ਪੂਜਾ ਸ਼ਰਮਾ ਅਤੇ ਹੋਰ ਬਹੁਤ ਸਾਰੇ ਵਾਲੰਟੀਅਰਾਂ ਨੇ ਮੱਕੀ ਦੀਆਂ 500 ਰੋਟੀਆਂ ਤਿਆਰ ਕੀਤੀਆਂ। ਸਥਾਨਕ ਰੈਸਟੋਰੈਂਟ 'ਇੰਡੀਆ ਹਾਊਸ' ਦੇ ਸ਼ੈਫ ਨੇ ਮੰਦਿਰ ਦੀ ਰਸੋਈ ਵਿਚ ਸਾਗ ਦੀਆਂ 10 ਟਰੇਆਂ ਬਣਾਈਆਂ। ਸ੍ਰੀਮਤੀ ਪ੍ਰੇਮ ਸਲਵਾਨ (ਸਟਾਰ ਫੂਡਜ਼) ਨੇ ਗੁੜ ਵਾਲੇ ਚੌਲ ਪਕਾਏ, ਜੋ ਇਸ ਸਮਾਗਮ ਦੀ ਖਾਸ ਡਿਸ਼ ਸੀ।

ਆਕਰਸ਼ਣ ਦੀ ਇਕ ਹੋਰ ਵੰਨਗੀ 'ਪੰਜਾਬ ਦਾ ਪਿੰਡ' ਸੀ। ਇਹ ਪਿੰਡ ਤਿਉਹਾਰ ਦਾ ਅਸਲ ਰੰਗ ਉਘਾੜਨ ਲਈ ਤਿਆਰ ਕਰਵਾਇਆ ਗਿਆ ਸੀ। ਪਿੰਡ ਨਾਲ ਗੂੜ੍ਹੀ ਸਾਂਝ ਰੱਖਣ ਵਾਲੀਆਂ ਵਸਤਾਂ, ਜਿਵੇਂ ਚਰਖਾ, ਚੱਕੀ, ਦਹੀਂ-ਮਟਕੀ, ਮੂੰਗਫਲੀ ਦਾ ਭਰਿਆ ਹੱਥ-ਰੇੜ੍ਹਾ, ਰਿਕਸ਼ਾ, ਮੰਜੀਆਂ, ਪੀੜ੍ਹੀਆਂ ਆਦਿ ਵੀ ਸਜਾਈਆਂ ਗਈਆਂ ਸਨ। ਪਿੰਡ ਦੀਆਂ ਗਲੀਆਂ ਵਿਚ ਢੋਲਾਂ ਨਾਲ ਮਰਦ ਅਤੇ ਗਿੱਧਾ ਪਾਉਂਦੀਆਂ ਔਰਤਾਂ ਵੀ ਦਰਸਾਈਆਂ ਗਈਆਂ ਸਨ। ਇਹੀ ਨਹੀਂ, ਗਾਈਆਂ, ਕੁੱਤੇ, ਦਾਣੇ ਭੁੰਨਣ ਵਾਲੀ ਭੱਠੀ ਅਤੇ ਚਾਹ ਵਾਲੀ ਕੇਤਲੀ ਦੇ ਨਜ਼ਾਰੇ ਵੀ ਧਿਆਨ ਖਿਚ ਰਹੇ ਸਨ।



ਰਾਤਰੀ ਭੋਜ ਪਿਛੋਂ ਨਾਚ-ਗਾਣਿਆਂ ਦਾ ਪ੍ਰੋਗਰਾਮ ਚੱਲਿਆ। ਇਸ ਮਾਮਲੇ ਵਿਚ ਮੋਨਾ ਤੇ ਦੀਪਕ ਸ਼ਰਮਾ ਸਭ ਤੋਂ ਪਹਿਲਾਂ ਅੱਗੇ ਆਏ ਅਤੇ ਫਿਰ ਊਸ਼ਾ ਵਰਮਾ, ਸ਼ਮ੍ਹਾਂ ਸ਼ਰਮਾ, ਵੀਰਪਾਲ ਪੂਜਾ, ਪਰਵੀਨ, ਨਿਧੀ ਆਦਿ ਨੇ ਪੰਜਾਬੀ ਲੋਕ ਗੀਤਾਂ ਨਾਲ ਵਾਹਵਾ ਰੰਗ ਬੰਨ੍ਹਿਆ। ਨੇਹਾ ਸੋਬਤੀ ਦੀ ਅਗਵਾਈ ਹੇਠ ਮੁਟਿਆਰਾਂ ਨੇ ਖੂਬ ਗਿੱਧਾ ਪਾਇਆ। ਇਸ ਪਿਛੋਂ ਪੰਜਾਬੀ ਵਿਰਸੇ ਦੀ ਇਕ ਹੋਰ ਵੰਨਗੀ 'ਜਾਗੋ' ਕੱਢੀ ਗਈ।



ਇਸ ਵਾਰ 'ਹਾਊਸ ਆਫ ਸਪਾਈਸਿਜ਼' ਨੇ ਹਰੀ ਓਮ ਮੰਦਿਰ ਨਾਲ ਭਾਈਵਾਲੀ ਕੀਤੀ; ਇਨ੍ਹਾਂ ਵਲੋਂ ਮੰਦਿਰ ਦੀ ਬੇਸਮੈਂਟ ਵਿਚ ਆਪਣਾ ਸਟਾਲ ਲਾਇਆ ਗਿਆ ਅਤੇ ਸਨੈਕਸ ਤੇ ਹੋਰ ਵੰਨਗੀਆਂ ਦੇ ਲਿਫਾਫੇ ਵੰਡੇ ਗਏ। ਇਸ ਮੌਕੇ ਮੰਦਿਰ ਨੂੰ 1000 ਰੁਪਏ ਅਤੇ ਮੱਕੀ ਦੇ ਆਟੇ ਦਾ ਦਾਨ ਵੀ ਦਿੱਤਾ ਗਿਆ।

ਅਖੀਰ ਵਿਚ ਲੋਹੜੀ ਬਾਲੀ ਗਈ ਅਤੇ 'ਸੁੰਦਰ ਮੰਦਰੀਏ ਹੋ' ਗਾਇਆ ਗਿਆ। ਇਸ ਮੌਕੇ ਅਜੈ ਘਈ ਦੇ ਢੋਲ ਨੇ ਕਮਾਲਾਂ ਕੀਤੀਆਂ। ਹਰ ਜਵਾਨ-ਬਜ਼ੁਰਗ ਨੱਚ-ਗਾ ਰਿਹਾ ਸੀ।

*(ਤਸਵੀਰਾਂ: ਏਸ਼ੀਅਨ ਮੀਡੀਆ)*



# ਅਮਰੀਕਾ 'ਚ ਵਖਰੀ ਕੌਮ ਵਜੋਂ ਮਾਨਤਾ ਪਿਛੋਂ ਸਿੱਖਾਂ ਵਿਚ ਖੁਸ਼ੀ ਦੀ ਲਹਿਰ

**ਅੰਮ੍ਰਿਤਸਰ:** ਅਮਰੀਕਾ ਵਿਚ ਇਸ ਸਾਲ ਹੋ ਰਹੀ ਮਰਦਮਸ਼ੁਮਾਰੀ 'ਚ ਪਹਿਲੀ ਵਾਰ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦਿੰਦਿਆਂ ਉਨ੍ਹਾਂ ਦੀ ਗਿਣਤੀ ਕੀਤੀ ਜਾਵੇਗੀ। ਸਿੱਖ ਜਥੇਬੰਦੀਆਂ ਨੇ ਇਸ ਫੈਸਲੇ ਨੂੰ ਇਤਿਹਾਸਕ ਕਰਾਰ ਦਿੱਤਾ ਹੈ। ਯੂਨਾਈਟਿਡ ਸਿੱਖਸ ਨੇ ਇਸ ਕਦਮ ਨੂੰ ਮੀਲ ਪੱਥਰ ਕਰਾਰ ਦਿੰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਘੱਟ ਗਿਣਤੀ ਭਾਈਚਾਰੇ ਦੀ ਅਮਰੀਕੀ ਮਰਦਮਸ਼ੁਮਾਰੀ 'ਚ ਗਿਣਤੀ ਹੋਵੇਗੀ। ਯੂਨਾਈਟਿਡ ਸਿੱਖਸ ਦੇ ਵਫਦ ਨੇ ਪਿਛਲੇ ਕੁਝ ਸਮੇਂ 'ਚ ਅਮਰੀਕੀ ਮਰਦਮਸ਼ੁਮਾਰੀ ਵਿਭਾਗ ਨਾਲ ਕਈ ਮੀਟਿੰਗਾਂ ਕਰਕੇ ਸਿੱਖਾਂ ਦੀ ਵੱਖਰੀ ਕੌਮ ਵਜੋਂ ਗਿਣਤੀ ਕਰਨ ਦੀ ਮੰਗ ਉਠਾਈ ਸੀ।

ਅਮਰੀਕਾ ਵਿਚ ਵੱਖ-ਵੱਖ ਗੁਰਦੁਆਰਿਆਂ ਦੀਆਂ ਕਮੇਟੀਆਂ ਤੇ ਜਥੇਬੰਦੀਆਂ ਦੇ ਸਮੂਹ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਇਥੇ ਵੱਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਅਮਰੀਕਾ ਵਿਚ 'ਮਰਦਮਸ਼ੁਮਾਰੀ -2020' ਦੌਰਾਨ ਉਹ ਇਸ ਸਬੰਧੀ ਫਾਰਮ ਭਰਨ ਸਮੇਂ ਆਪਣਾ ਧਰਮ ਸਿੱਖ ਦਰਸਾਉਣ ਤਾਂ ਜੋ ਸਿੱਖਾਂ ਦੀ ਵੱਖਰੇ ਧਰਮ ਵਜੋਂ ਗਿਣਤੀ ਹੋ ਸਕੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਅਮਰੀਕਾ ਵਿਚ ਮਰਦਮਸ਼ੁਮਾਰੀ ਸਮੇਂ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦੇਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕਨਵੀਨਰ ਹਿੰਮਤ ਸਿੰਘ ਨੇ ਦੱਸਿਆ ਕਿ ਅਮਰੀਕਾ 'ਚ ਸਿੱਖਾਂ ਨੂੰ ਜੋ ਮਾਣ ਸਨਮਾਨ ਮਿਲ ਰਿਹਾ ਹੈ, ਉਸ ਲਈ ਸਿੱਖ ਕੌਮ ਸਰਕਾਰ ਦੀ ਧੰਨਵਾਦੀ ਹੈ। ਇਸ ਸਾਲ ਹੋਣ ਵਾਲੀ ਮਰਦਮਸ਼ੁਮਾਰੀ ਵਿਚ ਸਿੱਖ ਧਰਮ ਲਈ ਵੱਖਰਾ ਕਾਲਮ ਹੋਵੇਗਾ। ਇਹ ਅਮਰੀਕੀ ਸਿੱਖਾਂ ਦੇ ਇਤਿਹਾਸ ਵਿਚ ਵੱਡਾ ਮੀਲ ਪੱਥਰ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅਮਰੀਕਾ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਅਮਰੀਕਾ ਵਿਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੇਗੀ ਤੇ ਸਮੁੱਚੇ ਵਿਸ਼ਵ ਵਿਚ ਸਿੱਖ ਪਛਾਣ ਨੂੰ ਬਲ ਮਿਲੇਗਾ।

ਇਸ ਪ੍ਰਾਪਤੀ ਉਤੇ ਸਿੱਖ ਜਗਤ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੇ ਅਮਰੀਕਾ ਵਸਦੇ ਸਿੱਖਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਗੁਰੂ ਸਾਹਿਬ ਦੇ ਫਲਸਫੇ ਅਤੇ ਸਿੱਖ ਵਿਰਾਸਤ ਦੀ ਅਮੀਰੀ ਸਦਕਾ ਦੁਨੀਆਂ ਭਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਇਸ ਪ੍ਰਾਪਤੀ ਨੇ ਸੂਚੀ ਵਿਚ ਇਕ ਹੋਰ ਵੱਡਾ ਵਾਧਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੋਰਨਾਂ ਦੇਸ਼ਾਂ ਨੂੰ ਵੀ ਅਮਰੀਕਾ ਸਰਕਾਰ ਦੇ ਇਸ ਫੈਸਲੇ ਤੋਂ ਸੇਧ ਲੈਣੀ ਚਾਹੀਦੀ ਹੈ।

ਯੂਨਾਈਟਿਡ ਸਿੱਖਸ ਮੁਤਾਬਕ ਮੌਜੂਦਾ ਸਮੇਂ ਅਮਰੀਕਾ 'ਚ 10 ਲੱਖ ਸਿੱਖ ਰਹਿੰਦੇ ਹਨ। ਯੂਨਾਈਟਿਡ ਸਿੱਖਸ ਦੇ ਮਰਦਮਸ਼ੁਮਾਰੀ ਮੈਨੇਜਰ ਰੁਬੇਨ ਸਿੰਘ ਨੇ ਕਿਹਾ ਕਿ ਉਹ ਹੋਰ ਸਿੱਖ ਜਥੇਬੰਦੀਆਂ ਨਾਲ ਮਿਲ ਕੇ ਮਰਦਮਸ਼ੁਮਾਰੀ ਦੌਰਾਨ ਪੈਦਾ ਹੋਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹਨ।

# ਭਾਸ਼ਾ ਵਿਭਾਗ ਨੇ 'ਸਰਵੋਤਮ ਪੁਸਤਕ ਇਨਾਮ ਐਲਾਨੇ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ-2016' ਦਾ ਐਲਾਨ ਕਰ ਦਿੱਤਾ ਗਿਆ ਹੈ। ਵਿਭਾਗ ਵੱਲੋਂ 2015 ਦੌਰਾਨ ਛਪੀਆਂ ਪੰਜਾਬੀ, ਹਿੰਦੀ ਅਤੇ ਉਰਦੂ ਦੀਆਂ ਪੁਸਤਕਾਂ ਦੀ ਮੁਲਾਂਕਣ ਮਗਰੋਂ ਚੋਣ ਕੀਤੀ ਗਈ ਹੈ। ਦੱਸਣਯੋਗ ਹੈ ਕਿ ਇਨ੍ਹਾਂ ਪੁਸਤਕ ਪੁਰਸਕਾਰਾਂ 'ਚ ਕਿਰਪਾਲ ਕਜ਼ਾਕ ਦੀ ਪੁਸਤਕ 'ਲੋਕ ਧਰਮੀ ਮੰਚ ਸਿਧਾਂਤ ਤੇ ਵਿਹਾਰ' ਨੂੰ ਵੀ ਚੁਣਿਆ ਗਿਆ ਹੈ।

ਦੱਸਣਯੋਗ ਹੈ ਕਿ ਕਿਰਪਾਲ ਕਜ਼ਾਕ ਦੀ 'ਅੰਤਹੀਣ' ਪੁਸਤਕ ਨੂੰ ਲੰਘੇ ਦਿਨੀਂ ਸਾਹਿਤ ਅਕਾਦਮੀ ਦਿੱਲੀ ਵੱਲੋਂ ਵੀ ਪੁਰਸਕਾਰ ਲਈ ਚੁਣਿਆ ਗਿਆ ਸੀ। ਭਾਸ਼ਾ ਵਿਭਾਗ ਪੰਜਾਬ ਵੱਲੋਂ ਹਰ ਸਾਲ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਦੇ ਸਰਵੋਤਮ ਸਾਹਿਤਕ ਪੁਸਤਕ ਮੁਕਾਬਲਿਆਂ ਸਬੰਧੀ ਲੇਖਕਾਂ ਤੋਂ ਪੁਸਤਕਾਂ ਦੀ ਮੰਗ ਕੀਤੀ ਜਾਂਦੀ ਹੈ। ਪ੍ਰਾਪਤ ਪੁਸਤਕਾਂ ਦੇ ਮੁਲਾਂਕਣ ਉਪਰੰਤ ਸਰਵੋਤਮ ਪੁਸਤਕਾਂ ਨੂੰ ਐਵਾਰਡ ਦਿੱਤੇ ਜਾਂਦੇ ਹਨ। ਵਿਭਾਗ ਦੀ ਡਾਇਰੈਕਟਰ ਕਰਮਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਇਨਾਮਾਂ ਵਿਚ 21 ਹਜ਼ਾਰ ਰੁਪਏ ਦੀ ਨਕਦ ਰਕਮ ਤੋਂ ਇਲਾਵਾ ਪਲੇਕ, ਸ਼ਾਲ ਵੀ ਭੇਟ ਕੀਤਾ ਜਾਂਦਾ ਹੈ। ਸਾਲ 2015 ਦੌਰਾਨ ਪ੍ਰਕਾਸ਼ਿਤ ਪੁਸਤਕਾਂ ਦੇ ਮੁਲਾਂਕਣ ਪਿਛੋਂ ਜਿਹੜੀਆਂ ਪੁਸਤਕਾਂ ਵੱਖ-ਵੱਖ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ-2016 ਲਈ ਚੁਣੀਆਂ ਗਈਆਂ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਵਿਧਾ ਪੰਜਾਬੀ 'ਚੋਂ: ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ) ਲਈ ਹਰਮਨਜੀਤ ਸਿੰਘ ਦੀ ਲਿਖੀ ਪੁਸਤਕ 'ਰਾਣੀ ਤੱਤ ਸੋਹਿਲੇ ਧੂੜ ਮਿੱਟੀ ਕੇ' ਨੂੰ ਜਦੋਂਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ ਸਫਰਨਾਮਾ) ਪ੍ਰਿੰ. ਪਰਵਿੰਦਰ ਸਿੰਘ ਦੀ ਪੁਸਤਕ 'ਅਧਿਆਪਨ ਇੱਕ ਸਫਰ', ਐਮ. ਐਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ) ਡਾ. ਸੁਖਦਿਆਲ ਸਿੰਘ ਦੀ ਪੁਸਤਕ 'ਪੰਜ ਦਰਿਆਵਾਂ ਦਾ ਸ਼ੇਰ: ਮਹਾਰਾਜਾ ਰਣਜੀਤ ਸਿੰਘ' ਨੂੰ, ਈਸ਼ਵਰ ਚੰਦਰ ਨੰਦਾ ਪੁਰਸਕਾਰ (ਨਾਟਕ/ਇਕਾਂਗੀ) ਨਿਰਮਲ ਜੌੜਾ ਦੀ ਪੁਸਤਕ 'ਸੌਦਾਗਰ' ਨੂੰ, ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ-ਟੀਕਾਕਾਰੀ-ਕੋਸ਼ਕਾਰੀ) ਲਈ ਗੁਰਮੇਲ ਸਿੰਘ ਬੌਡੇ ਦੀ ਪੁਸਤਕ 'ਧਰੂ ਤਾਰੇ ਨੂੰ', ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਪ੍ਰੋ. ਕਿਰਪਾਲ ਕਜ਼ਾਕ ਦੀ ਪੁਸਤਕ 'ਲੋਕ ਧਰਮੀ ਮੰਚ ਸਿਧਾਂਤ ਤੇ ਵਿਹਾਰ ਨੂੰ', ਤੇਜਾ ਸਿੰਘ ਪੁਰਸਕਾਰ (ਸੰਪਾਦਨ) ਡਾ. ਧਨਵੰਤ ਕੌਰ ਦੀ ਪੁਸਤਕ ਨੂੰ 'ਪ੍ਰੋ. ਪੂਰਨ ਸਿੰਘ ਕਾਵਿ ਰਚਨਾਵਲੀ' ਨੂੰ ਅਤੇ ਗੁਰੂ ਹਰਿ ਕ੍ਰਿਸ਼ਨ ਇਨਾਮ (ਬਾਲ ਸਾਹਿਤ) ਜਗਦੀਪ ਸਿੰਘ ਜਵਾਹਕੇ ਦੀ ਪੁਸਤਕ 'ਉਹ ਮੈਂ ਹੀ ਸੀ' ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ।